ISSN: 2584-0509

(Page 258 to 268 )

# ਪੰਜਾਬੀ ਸਾਹਿਤ ਦੇ ਸਪਤਸ੍ਰਿੰਗ ਦਾ ਥੰਮ: ਸੁਰਜੀਤ ਪਾਤਰ



ਗੁਰਸੇਵਕ ਸਿੰਘ
ਖੋਜਾਰਥੀ
ਪੰਜਾਬੀ ਵਿਭਾਗ
ਦਿੱਲੀ ਯੂਨੀਵਰਸਿਟੀ,
ਦਿੱਲੀ।
+91 99147-79772

ਸੁਰਜੀਤ ਪਾਤਰ ਜਲੰਧਰ ਜਿਲ੍ਹੇ ਦੇ ਪਿੰਡ ਪੱਤੜ ਕਲਾਂ ਵਿਚ ਜਨਮਿਆਂ ਉਹ ਕਵੀ ਸੀ ਜਿਸ ਨੇ ਪੰਜਾਬੀ ਸਾਹਿਤ ਨੂੰ ਨਵੀਂ ਨੁਹਾਰ ਦਿੱਤੀ। ਉਹ ਦੁੱਖੜੇ ਫੋਲਦਾ ਸਰੋਦ ਦੀ ਵਰਤੋਂ ਕਰਦਾ ਹੈ। ਪਾਤਰ ਨੂੰ ਪੰਜਾਬੀ ਕਵਿਤਾ ਦੇ ਉਸ ਵੱਡੇ ਕਵੀਆਂ ਵਿਚ ਗਿਣਿਆ ਜਾ ਸਕਦਾ ਹੈ ਜਿਨ੍ਹਾਂ ਨੇ ਕਵਿਤਾ ਵਿਚ ਨਵੇਂ ਮਿਆਰ ਸਿਰਜੇ। ਸੰਤ ਸਿੰਘ ਸੇਖੋਂ, ਪਾਤਰ ਨੂੰ ਪੰਜਾਬੀ ਸਾਹਿਤ ਦੇ ਸਿਰ ਕੱਢ ਕਵੀਆਂ, ਭਾਈ ਵੀਰ ਸਿੰਘ, ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਹਰਿਭਜਨ ਸਿੰਘ, ਸ਼ਿਵ ਕੁਮਾਰ ਬਟਾਲਵੀ, ਅਵਤਾਰ ਸਿੰਘ ਪਾਸ਼ ਵਰਗਿਆਂ ਵਿਚ ਗਿਣਦੇ ਸਨ ਅਤੇ ਇਸ ਜੁੱਟ ਨੂੰ ਸਪਤਸ੍ਰਿੰਗ ਕਹਿੰਦੇ ਸਨ। ਪਾਤਰ ਨੇ ਕਾਵਿ ਸਿਰਜਣਾ ਵਿਚ ਜਿੱਥੇ ਪੰਜਾਬੀ ਗ਼ਜ਼ਲ ਨੂੰ ਰਾਗਾਤਮਿਕਤਾ ਦੇ ਕੇ ਗ਼ਜ਼ਲ ਦਾ ਇੱਕ ਵੱਖਰਾ ਮਿਆਰ ਸਿਰਜਿਆ ਉਥੇ ਉਸ ਦੇ ਸ਼ੇਅਰ ਮਨੁੱਖੀ ਮਨ ਦੇ ਅੰਦਰੂਨੀ ਭਾਵਾਂ ਨੂੰ ਵੀ ਟੁੰਬਦੇ ਹਨ। "ਉਹ ਜਦੋਂ ਆਪਣੇ ਮੂੰਹੋਂ ਕਵਿਤਾ ਉਚਾਰਦੇ ਹਨ, ਇੰਞ ਲੱਗਦਾ ਹੈ ਜਿਵੇਂ ਪਰਬਤਾਂ ਦੀ ਗੋਦ `ਚੋਂ ਕੋਈ ਝਰਨਾ ਵਹਿ ਉੱਠਿਆ ਹੋਵੇ ਜਿਵੇ ਕੋਈ ਸਰੋਦੀ ਨਾਦ! ਕਦੀ ਉਹ ਮਿਸ਼ਾਲ ਬਣ ਲਟ-ਲਟ ਬਲਦਾ ਵੀ ਹੈ ਤੇ ਕਦੇ ਦੀਵੇ ਦੀ ਲੋਅ ਵਾਂਗ ਹਨ੍ਹੇਰਿਆਂ ਨੂੰ ਚੀਰਦਾ ਆਪਣਾ ਆਲਾ-ਦੁਆਲਾ ਸਭ ਰੌਸ਼ਨ ਕਰ ਦਿੰਦਾ ਹੈ"[1]

ਇਸ ਦੇ ਬਾਵਜੂਦ ਉਸ ਉਪਰ ਕਈ ਤਰ੍ਹਾਂ ਦੇ ਦੋਸ਼ ਲਾਏ ਜਾਂਦੇ ਹਨ। ਉਸ ਬਾਰੇ ਕਿਹਾ ਜਾਂਦਾ ਹੈ ਕਿ ਉਹ ਸਮਾਜ ਦੀ ਕਿਸੇ ਇਕ ਧਿਰ ਨਾਲ ਨਹੀਂ ਖਲੋਂਦਾ ਉਹ ਦੁਚਿੱਤੀ ਵਿਚ ਰਹਿੰਦਾ ਹੈ ਜੋ ਉਸ ਦੀ ਕਵਿਤਾ ਵਿਚ ਵੀ ਦੇਖਿਆ ਜਾ ਸਕਦਾ ਹੈ। ਪਰ ਉਨ੍ਹਾਂ ਦੀ ਇਹ ਦੁਚਿੱਤੀ ਇਕ ਵਿਅੰਗ ਹੈ ਜਿਸ ਰਾਹੀਂ ਉਹ ਕਵੀਆਂ ਨੂੰ ਆਪਣੀ ਕਲਮ ਨੂੰ ਬੇਖ਼ੌਫ਼ ਰੱਖਣ ਦੀ ਤਾਕੀਦ ਕਰਦਾ ਹੈ। ਇਸ ਦੇ ਬਾਵਜੂਦ ਉਸ ਨੇ ਆਪਣੇ ਸਮਕਾਲੀ ਸਮੇਂ ਦੇ ਹਰ ਪੱਖ ਉਪਰ ਲਿਖਿਆ ਹੈ। ਪਾਤਰ ਮਨੁੱਖ ਅੰਦਰਲੀ ਦੁਬਿਧਾ ਨੂੰ ਪੇਸ਼ ਕਰਦਾ ਹੈ। ਇਹ ਦੁਬਿਧਾ ਉਸ ਅੰਦਰ ਗਹਿਰੀ ਸਮਾਈ ਹੋਈ ਹੈ। ਉਸ ਦੀ ਕਵਿਤਾ ਦੁਬਿਧਾ ਅਤੇ ਸੰਘਰਸ਼ ਦੀ ਬਾਤ ਪਾਉਂਦੀ ਹੈ। ਪਰੰਤੂ ਇਹ ਦੁਬਿਧਾ ਉਸ ਦੀ ਹਰ ਰਚਨਾ ਵਿਚ ਨਹੀਂ ਹੈ। ਉਹ ਸਮੇਂ ਦੇ ਹਾਲਾਤਾਂ ਦਾ ਦੋਸ਼ ਸੱਤਾ ਧਿਰ ਉਪਰ ਨਹੀਂ ਧਰਦਾ ਸਗੋਂ ਇਸ ਦਾ ਕਾਰਨ ਵੀ ਉਹ ਆਪਣਾ ਨਿੱਜੀ ਦੱਸਦਾ ਹੈ-

"ਦੂਰ ਜੇਕਰ ਅਜੇ ਸਵੇਰਾ ਹੈ

ਇਸ `ਚ ਕਾਫ਼ੀ ਕਸੂਰ ਮੇਰਾ ਹੈ"[2]

ਇਸ ਤਰ੍ਹਾਂ ਕਰਦਾ ਉਹ ਨਿੱਜ ਤੋਂ ਪਰ ਵੱਲ ਦਾ ਸਫ਼ਰ ਅਸਾਨੀ ਨਾਲ ਤਹਿ ਕਰ ਲੈਂਦਾ ਹੈ। ਬੇਸ਼ੱਕ ਉਪਰੋਕਤ ਸ਼ੇਅਰ ਵਿਚ ਉਹ ਗੱਲ ਨਿੱਜ ਦੀ ਕਰਦਾ ਨਜ਼ਰ ਆਉਂਦਾ ਹੈ ਪਰ ਇਸ ਵਿਚਲਾ ਨਿੱਜ ਹਰ ਪ੍ਰਾਣੀ ਦਾ ਨਿੱਜ ਬਣਕੇ ਵਿਆਪਕ ਹੋ ਨਿਬੜਦਾ ਹੈ।

ਉਹ ਆਪਣੀ ਪਹਿਲੀ ਪੁਸਤਕ 'ਹਵਾ ਵਿਚ ਲਿਖੇ ਹਰਫ਼' ਨਾਲ ਹੀ ਪੰਜਾਬੀ ਕਵਿਤਾ ਦੇ ਵਿਹੜੇ ਵਿਚ ਛਾ ਗਿਆ ਸੀ। ਕੱਦ ਕਾਠ ਅਤੇ ਡੀਲ-ਡੌਲ ਪੱਖੋਂ ਮਲੂਕੜਾ ਜਿਹਾ ਇਹ ਸ਼ਾਇਰ ਕਵੀ ਦਰਬਾਰਾਂ ਵਿਚ ਪਾਣੀ ਦੇ ਆਪ-ਮੁਹਾਰੇ ਵੇਗ ਵਾਂਗ ਵਹਿੰਦਾ ਸੀ। ਉਸ ਦੇ ਬੋਲੇ ਬੋਲ ਸਰੋਤਿਆਂ ਦੇ ਧੁਰ-ਅੰਦਰ ਉਤਰ ਜਾਂਦੇ ਸਨ। ਉਸ ਦੀ ਪਹਿਲੀ ਪੁਸਤਕ 'ਹਵਾ ਵਿਚ ਲਿਖੇ ਹਰਫ਼' ਵਿਚ ਸਮਕਾਲੀ ਸਮੇਂ ਦੇ ਦਾਰਸ਼ਨਿਕ, ਸਮਾਜਿਕ ਅਤੇ ਰਾਜਨੀਤਿਕ ਮੁੱਦਿਆਂ ਪ੍ਰਤੀ ਉਸ ਦੀ ਸੋਚ ਝਲਕਦੀ ਹੈ। ਪੰਜਾਬੀ ਗ਼ਜ਼ਲਗੋਈ ਵਿਚ ਪਾਤਰ ਦਾ ਵੱਖਰਾ ਮੁਕਾਮ ਹੈ। ਉਸ ਦੀ ਗ਼ਜ਼ਲ ਦਾ ਹਰ ਸ਼ੇਅਰ ਇਕ ਅਨੋਖੀ ਤਪਸ਼ ਨਾਲ ਲਬਰੇਜ਼ ਹੈ ਅਤੇ ਉਸ ਦੇ ਸ਼ਬਦ ਗਹਿਰੇ ਅਰਥਾਂ ਦੇ ਧਾਰਨੀ ਹਨ ਜੋ ਪਾਠਕ ਅਤੇ ਸਰੋਤੇ ਦੇ ਮਨ ਨੂੰ ਭਾਵਨਾਤਮਿਕ ਤੌਰ `ਤੇ ਝੰਜੋੜਦੇ ਹਨ। ਸੁਰਜੀਤ ਪਾਤਰ ਨੇ ਸਮੇਂ ਦੀ ਸੰਵੇਦਨਾ ਨੂੰ ਬਾਖ਼ੂਬੀ ਚਿਤਰਿਆ ਹੈ। ਸਮਾਜ ਵਿਚ ਆਏ ਉਤਰਾਅ-ਚੜ੍ਹਾਅ/ਦੌਰ ਪਾਤਰ ਦੀ ਕਵਿਤਾ/ਸ਼ਾਇਰੀ ਦਾ ਹਿੱਸਾ ਬਣਦੇ ਰਹੇ ਹਨ। ਉਹ ਆਪ ਲਿਖਦਾ ਹੈ-

"ਮੇਰੀ ਹਰ ਸ਼ਾਖ਼ ਵਿਚ ਧਰਤ ਦਾ ਸੋਗ ਹੈ,
ਮੇਰੇ ਪੱਤਿਆਂ ਨੂੰ ਪਤਝੜ ਸੁਕਾਉਂਦੀ ਰਹੀ।
ਪੱਤੇ ਕਿਰਦੇ ਰਹੇ ਲਫ਼ਜ਼ ਬਣ ਧਰਤ `ਤੇ,
ਮੈਂ ਇਹ ਲਿਖਿਆ ਹਵਾ ਜੋ ਲਿਖਾਉਂਦੀ ਰਹੀ"[3]

ਇਹ ਨਕਸਲਵਾੜੀ ਲਹਿਰ ਦਾ ਸਮਾਂ ਸੀ, ਚਾਹੇ ਚੌਰਾਸੀ ਦਾ ਦੌਰ, ਚਾਹੇ ਹਾਲ ਹੀ ਲੰਘੇ ਕਿਸਾਨੀ ਸ਼ੰਘਰਸ਼ ਦਾ ਸਮਾਂ, ਪਾਤਰ ਨੇ ਹਰ ਮਸਲੇ ਨੂੰ ਛੋਹਿਆ ਹੈ। ਉਹ ਜਾਣਦਾ ਹੈ ਕਿ ਕੀ ਲਿਖਣਾ ਹੈ ਤੇ ਕੀ ਨਹੀਂ ਲਿਖਣਾ। ਉਹ ਅਜਿਹਾ ਪ੍ਰਬੁੱਧ ਚਿੰਤਕ ਸੀ ਕਿ ਹਰ ਸਥਿਤੀ ਨੂੰ ਦਾਰਸ਼ਨਿਕਤਾ ਦੇ ਪੱਖ ਤੋਂ ਵਿਚਾਰਦਾ ਸੀ। ਉਸ ਦੀ ਸ਼ਖ਼ਸੀਅਤ ਵੀ ਦਾਰਸ਼ਨਿਕ ਅੰਦਾਜ਼ ਵਾਲੀ ਸੀ। ਉਸ ਦੀ ਕਵਿਤਾ ਇਕ ਉਦਾਸੀ ਦਾ ਨਗਮਾ ਵੀ ਹੈ ਅਤੇ ਵਿਯੋਗੀ ਮਨ ਦਾ ਵਿਰਲਾਪ ਵੀ। ਉਸ ਦੀ ਕਵਿਤਾ ਸਮਾਜਕ ਕੁਰੀਤੀਆਂ ਨੂੰ ਆਪਣੇ ਕਲਾਵੇ ਵਿਚ ਵਿਅੰਗ

ਦੀ ਪੁੱਠ ਚਾੜ ਕੇ ਸਮਾਉਂਦੀ ਹੈ। ਇਸ ਤੋਂ ਇਲਾਵਾ ਉਸ ਦਾ ਵਿਅੰਗ ਰਾਜਨੀਤਿਕ ਗਲਿਆਰਿਆਂ ਵਿਚ ਪਣਪਦੀ ਖ਼ੁਦਗ਼ਰਜ਼ੀ ਨੂੰ ਵੀ ਬਾਖ਼ੂਬੀ ਚਿਤਰਦਾ ਹੈ।

"ਡੂੰਘੇ ਵੈਣਾਂ ਦਾ ਕੀ ਮਿਣਨਾ,
ਤਖ਼ਤ ਦੇ ਪਾਵੇ ਮਿਣੀਏ।
ਜਦ ਤਕ ਉਹ ਲਾਸ਼ਾਂ ਗਿਣਦੇ ਨੇ,
ਆਪਾਂ ਵੋਟਾਂ ਗਿਣੀਏ"[4]

ਪਾਤਰ ਦੀ ਕਵਿਤਾ ਕਿਸੇ ਇਕ ਵਰਗ ਦੀ ਕਵਿਤਾ ਨਹੀਂ ਹੈ। ਉਸ ਦੀ ਕਵਿਤਾ ਵਿਚ ਸਮੁੱਚੀ ਮਨੁੱਖਤਾ ਲਈ ਸੰਦੇਸ਼ ਛੁਪਿਆ ਹੋਇਆ ਹੈ। ਜਿਸ ਵਿਚ ਉਹ ਵਕਤ ਦੀ ਨਜ਼ਾਕਤ ਅਨੁਸਾਰ ਪ੍ਰਤੀਕਿਰਿਆ ਵਿਅਕਤ ਕਰਨ ਦੀ ਗੱਲ ਕਰਦਾ ਹੈ। ਉਸ ਦਾ ਮੰਨਣਾ ਹੈ ਕਿ ਹਰ ਇਕ ਮਸਲੇ ਦਾ ਹੱਲ ਤਲਵਾਰ ਨਹੀਂ ਕਰ ਸਕਦੀ, ਕਿਸੇ ਵਕਤ ਲਫ਼ਜ਼ਾਂ ਨੂੰ ਤੀਰ ਬਣਾਉਣਾ ਸਹੀਂ ਹੁੰਦਾ ਹੈ। ਉਸ ਦੀ ਕਵਿਤਾ ਵਿਚ ਨਜ਼ਰ ਆਉਂਦੀ ਦੁਚਿੱਤੀ ਕਵੀ ਨੂੰ ਆਪਣੇ ਫ਼ਰਜ਼ ਨਾਲ ਰੂਬਰੂ ਕਰਵਾਉਂਦੀ ਹੈ ਅਤੇ ਕਵਿਤਾ ਦਾ ਕਾਤਿਲ ਬਣਨ ਤੋਂ ਰੋਕਦੀ ਹੈ। ਇਸ ਤਰ੍ਹਾਂ ਸੱਚ ਦੀ ਆਵਾਜ਼ ਨੂੰ ਦਬਾਉਣਾ ਉਸ ਨੂੰ ਨਾ-ਗਵਾਰਾ ਹੈ। ਕਵੀਆਂ ਦੀ ਇਸ ਸਥਿਤੀ ਉਪਰ ਉਹ ਅਫ਼ਸੋਸ ਜਾਹਿਰ ਕਰਦਾ ਹੈ।

"ਮੈਂ ਪਹਿਲੀ ਸਤਰ ਲਿਖਦਾ ਹਾਂ
ਤੇ ਡਰ ਜਾਂਦਾ ਹਾਂ ਰਾਜੇ ਦੇ ਸਿਪਾਹੀਆਂ ਤੋਂ,
ਸਤਰ ਕੱਟ ਦੇਂਦਾ ਹਾਂ।
ਮੈਂ ਦੂਜੀ ਸਤਰ ਲਿਖਦਾ ਹਾਂ
ਤੇ ਡਰ ਜਾਂਦਾ ਹਾਂ ਗੁਰੀਲੇ ਬਾਗ਼ੀਆਂ ਕੋਲੋਂ
ਸਤਰ ਕੱਟ ਦੇਂਦਾ
... ... ... ...
ਸਿਰਫ਼ ਇਹ ਸੁਣਨਾ ਹੀ ਬਾਕੀ ਸੀ
ਤੇ ਇਹ ਵੀ ਸੁਣ ਲਿਆ ਹੈ
ਕਿ ਸਾਡੇ ਵਕਤ ਦੇ ਵਿਚ ਖ਼ੌਫ਼ ਦੇ ਮਾਰੇ
ਕਵੀ ਵੀ ਹੋ ਗਏ ਕਵਿਤਾ ਦੇ ਹਤਿਆਰੇ"[5]

ਪਾਤਰ ਨੇ ਨਕਸਵਾੜੀ ਦੌਰ/ਪੰਜਾਬ ਹਥਿਆਰਬੰਦ ਸੰਘਰਸ਼ ਦੇ ਦੁਖਾਂਤ/ਚੌਰਾਸੀ ਦੇ ਦੌਰ ਬਾਰੇ ਭਰਪੂਰ ਰੂਪ ਵਿਚ ਲਿਖਿਆ ਹੈ। ਬੇਸ਼ੱਕ ਪਾਤਰ ਉਪਰ ਇਹ ਦੋਸ਼ ਲਾਇਆ ਜਾਂਦਾ ਹੈ ਕਿ ਉਸ ਨੇ ਬਾਕੀ ਕਵੀਆ ਜਿਵੇਂ ਪਾਸ਼, ਸੰਤ ਰਾਮ ਉਦਾਸੀ, ਦਰਸ਼ਨ ਖਟਕੜ ਆਦਿ ਵਾਂਗ ਖੁੱਲ੍ਹ ਕੇ ਨਹੀਂ ਲਿਖਿਆ, ਪਰ ਉਸ ਦੀ ਕਵਿਤਾ ਇਸ ਦੁਖਾਂਤ ਵੱਲੋਂ ਬਿਲਕੁਲ ਅਛੂਤੀ ਨਹੀਂ ਰਹੀ। ਉਸ ਨੇ ਇਸ ਸਮੇਂ ਦੇ ਦਰਦ ਨੂੰ ਬਾਖ਼ੂਬੀ ਚਿਤਰਿਆ ਹੈ। 'ਕਵੀ ਸਾਹਿਬ' ਕਵਿਤਾ ਰਾਹੀਂ ਉਹ ਸਾਹਿਤਕ ਖੇਤਰ ਵਿਚ ਫੈਲੇ ਖ਼ੌਫ਼ ਨੂੰ ਪੇਸ਼ ਕਰਦਾ ਹੈ। ਸਮੇਂ ਦੀ ਸਰਕਾਰ ਦੀ ਨੀਤੀ ਨੂੰ ਪੇਸ਼ ਕਰਦਿਆਂ ਪਾਤਰ ਲਿਖਦਾ ਹੈ

> "ਤੇਰੀ ਚੁੱਪ ਨੇ ਜੰਗਲ ਨੂੰ ਉਹ ਤਲਖ਼ ਫ਼ਿਜਾ ਦਿੱਤੀ।
> ਜੰਗਲ ਵਿਚੋਂ ਕੰਡਿਆਂ ਦੀ ਇਕ ਝਿੜੀ ਉਗਾ ਦਿੱਤੀ।
> ਕੰਡੇ-ਕੰਡੇ ਕਹਿ ਕੇ ਫਿਰ ਤੂੰ ਰੌਲ਼ੀ ਪਾ ਦਿੱਤੀ।
> ਕੁੱਝ ਕੰਡਿਆਂ ਵਿਚ ਕੁਲ ਜੰਗਲ ਦੀ ਗੱਲ ਉਲਝਾ ਦਿੱਤੀ"[6]

'ਲੱਗੀ ਨਜ਼ਰ ਪੰਜਾਬ ਨੂੰ' ਅਤੇ 'ਪਹਿਲਾਂ ਵਾਰਿਸ ਸ਼ਾਹ ਨੂੰ ਵੰਡਿਆ ਸੀ' ਕਵਿਤਾ ਰਾਹੀਂ ਉਹ ਹੋਰ ਡੂੰਘੇ ਵਹਿਣਾ ਵਿਚ ਵਹਿੰਦਾ ਹੈ। ਉਹ ਆਪਣੇ ਸਮਕਾਲੀ ਸਮੇਂ ਦੇ ਨਾਲ-ਨਾਲ ਬੀਤੇ ਵੱਲ ਵੀ ਮੋੜਾ ਕੱਟਦਾ ਹੈ। ਉਹ ਸੰਤਾਲੀ ਦੇ ਦੁਖਾਂਤ ਨੂੰ ਵੀ 'ਇਕ ਦਰਿਆ' ਕਵਿਤਾ ਰਾਹੀਂ ਆਪਣੀ ਕਾਵਿ-ਸਿਰਜਣਾ ਦਾ ਹਿੱਸਾ ਬਣਾਉਂਦਾ ਹੈ।

ਪਾਤਰ ਸਰਕਾਰੇ-ਦਰਬਾਰੇ ਸਨਮਾਨਿਆ ਜਾਣ ਵਾਲਾ ਕਵੀ ਸੀ ਜਿਸ ਕਰਕੇ ਉਸ ਉਪਰ ਵਿਕੇ ਹੋਣ ਦੀ ਤੌਹਮਤ ਲਾਈ ਜਾਂਦੀ ਹੈ। ਪਰੰਤੂ ਉਸ ਦੀ ਕਵਿਤਾ ਰਾਖ ਵਿਚ ਛੁਪੇ ਅੰਗਿਆਰ ਵਰਗੀ ਹੈ। ਕਈ ਅਲੋਚਕ ਉਸ ਨੂੰ ਮੱਧ-ਵਰਗ ਦਾ ਕਵੀ ਕਹਿੰਦੇ ਹਨ। ਪਰੰਤੂ ਉਸ ਦੀ ਕਵਿਤਾ ਮਨੁੱਖ ਦੀ ਨਿੱਤ ਬਦਲਦੀ ਹੋਂਦ ਉਪਰ ਵੀ ਸਵਾਲ ਉਠਾਉਂਦੀ ਹੈ। ਮਨੁੱਖੀ ਹੋਂਦ ਮਨੁੱਖ ਨਾਲ ਸੰਬੰਧਿਤ ਹੈ ਇਸ ਵਿਚ ਕੋਈ ਅਲੀਟ ਕਲਾਸ ਨਹੀਂ, ਕੋਈ ਮਿਡਲ ਕਲਾਸ ਨਹੀਂ ਅਤੇ ਨਾ ਹੀ ਕੋਈ ਲੋਅਰ ਕਲਾਸ ਹੁੰਦੀ ਹੈ। ਮਨੁੱਖ ਤਾਂ ਮਨੁੱਖ ਹੈ। ਉਸ ਦੀ ਕਵਿਤਾ ਕੁਦਰਤ ਅਤੇ ਸਾਜ਼ ਦੀ ਕਵਿਤਾ ਹੈ। ਪਾਤਰ ਦੀ ਕਵਿਤਾ ਦਾ ਹਿੱਸਾ ਬਣਦੀਆਂ ਬਿਰਖ ਅਤੇ ਸਾਜ਼ ਦੀਆਂ ਤਸ਼ਬੀਹਾਂ ਸਾਨੂੰ ਕੁਦਰਤ ਅਤੇ ਸੰਗੀਤ ਦੀ ਅਹਿਮੀਅਤ ਸਮਝਾਉਂਦੀਆਂ ਅਤੇ ਪਾਤਰ ਦੀ ਇਨ੍ਹਾਂ ਨਾਲ ਵਧੇਰੇ ਨੇੜਤਾ ਨੂੰ ਦਰਸਾਉਂਦੀਆਂ ਹਨ। ਕੁਦਰਤ ਅਤੇ ਸੰਗੀਤ ਦੇ ਮੋਹ ਵਿਚ ਭਿੱਜੀ ਇਹ ਰੂਹ ਸਮਾਜ ਨੂੰ ਅਤਿਸੰਵੇਦਨਸ਼ੀਲ ਲਹਿਜੇ ਨਾਲ ਮਿਲਦੀ ਹੈ। ਜਿਵੇਂ ਕਿਹਾ ਜਾਂਦਾ ਹੈ ਕਿ ਕਵੀ ਦਾ ਸੰਵੇਦਨਸ਼ੀਲ ਅਤੇ ਇਕ

ਚਿੰਤਕ ਹੋਣਾ ਜ਼ਰੂਰੀ ਹੈ ਪਾਤਰ ਇਸ ਕਥਨ ਨੂੰ ਪੂਰਨ ਰੂਪ ਵਿਚ ਪਰਨਾਇਆ ਹੋਇਆ ਕਵੀ ਸੀ। ਉਸ ਦੀ ਕਵਿਤਾ ਵਿਚ ਟੁੱਟ ਰਹੇ ਭਾਈਚਾਰੇ ਕਾਰਨ ਮਨੁੱਖ ਨੂੰ ਆਏ ਦਿਨ ਝੱਲਣੇ ਪੈ ਰਹੇ ਉਦਾਸੀ ਦੇ ਪਲਾਂ ਦਾ ਬਿਰਤਾਂਤ ਹੈ। ਕਿਤੇ- ਕਿਤੇ ਉਸ ਦੀ ਕਵਿਤਾ ਵਿਚ ਆਪਣੇ ਬੀਤੇ ਉਪਰ ਅਫ਼ਸੋਸ ਵੀ ਹੈ ਅਤੇ ਆਪਣੇ ਹੁਣ ਦੇ ਕਾਰਜ ਉਪਰ ਸਵਾਲੀਆ ਨਿਸ਼ਾਨ ਵੀ-

"ਰਾਹ ਵਿਚ ਰੂਪੋਸ਼ ਯਾਰ ਮਿਲੇ
ਉਨ੍ਹਾਂ ਪੁੱਛਿਆ:
ਸਾਡੇ ਨਾਲ ਸਲੀਬ ਤੱਕ ਚੱਲੇਂਗਾ?
ਕਾਤਲਾਂ ਦੇ ਕਤਲ ਨੂੰ ਅਹਿੰਸਾ ਸਮਝੇਂਗਾ?
... ... ... ...
ਉਤਰ ਵਜੋਂ ਮੇਰੇ ਅੰਦਰ
ਅਨੇਕਾਂ ਤਸਵੀਰਾਂ ਉਲਝ ਗਈਆਂ
ਮੈਂ ਕਈ ਫ਼ਲਸਫ਼ਿਆਂ ਦਾ ਕੋਲਾਜ ਜਿਹਾ ਬਣ ਗਿਆ
ਤੇ ਅੱਜ ਕੱਲ੍ਹ ਕਹਿੰਦਾ ਫਿਰਦਾ ਹਾਂ:
ਸਹੀ ਦੁਸ਼ਮਣ ਦੀ ਤਲਾਸ਼ ਕਰੋ
ਹਰੇਕ ਆਲਮਗੀਰ ਔਰੰਗਜ਼ੇਬ ਨਹੀਂ ਹੁੰਦਾ
ਜੰਗਲ ਸੁੱਕ ਰਹੇ ਨੇ
ਬੰਸਰੀ `ਤੇ ਮਲਹਾਰ ਵਜਾਓ"[7]

ਪਾਤਰ ਦੀ ਕਵਿਤਾ ਸਮਾਜ ਵਿਚ ਫੈਲੇ ਭ੍ਰਿਸ਼ਟਾਚਾਰ ਨੂੰ ਆਪਣੇ ਵਿਅੰਗ ਦੀ ਜਾੜ੍ਹ ਥੱਲੇ ਲੈਂਦੀ ਹੈ। ਇਥੇ ਉਹ ਲੁੱਟੀ ਜਾ ਰਹੀ ਮਾਸੂਮ ਖ਼ਲਕਤ ਨੂੰ ਦਿੱਤੇ ਪਹਿਰੇਦਾਰੀ ਦੇ ਭਰਮ ਦਾ ਜ਼ਿਕਰ ਕਰਦਾ ਹੈ ਨਾਲ ਹੀ ਚੋਰ ਅਤੇ ਸਰਕਾਰ ਦੇ ਮਿਲੇ ਹੋਣ ਉਪਰ ਮੋਹਰ ਲਾਉਂਦਾ ਹੈ-

"ਸੀਟੀ ਮਾਰੀ ਚੋਰ ਤੋਂ ਪੁੱਛ ਕੇ ਪਹਿਰੇਦਾਰ ਨੇ।
ਦੋਹਾਂ ਨੂੰ ਹੀ ਰੱਖਿਆ ਹੈ ਵੱਡੀ ਸਰਕਾਰ ਨੇ"[8]

ਇਸ ਦੇ ਬਾਵਜੂਦ ਉਹ ਆਪਣੀ ਫ਼ਿਤਰਤ ਨੂੰ ਨਹੀਂ ਛੱਡਦਾ ਜਿਵੇਂ ਇਕ ਠੂਹਾਂ ਡੰਗ ਮਾਰਨਾ ਨਹੀਂ ਭੁੱਲਦਾ। ਉਹ ਕਵੀ ਧਰਮ ਨਹੀਂ ਭੁੱਲਿਆ, ਬੇਸ਼ੱਕ ਉਸ ਦੇ ਵਿਦਰੋਹ ਦਾ ਰੂਪ ਉਹ ਨਹੀਂ ਸੀ ਜੋ ਉਸ ਦੇ ਸਮਕਾਲੀ ਕਵੀਆਂ ਦਾ ਸੀ। ਉਹ ਬੀਤਿਆ ਪਲ ਨਹੀਂ ਹੋਣਾ ਚਾਹੁੰਦਾ ਸਦਾ ਲਈ ਹੁਣ ਹੋਣਾ ਲੋਚਦਾ ਸੀ।

"ਪਰ ਪਿਤਾ, ਉਹ ਹਤਿਆਰੇ...?
ਮੈਂ ਜਾਣਦਾ ਹਾਂ
ਕੌਣ ਸਨ ਹਤਿਆਰੇ
ਪਰ ਤੂੰ ਮੇਰਾ ਪੁੱਤਰ ਏਂ
ਸਾਜ਼ ਨਵਾਜ਼ ਦਾ
ਸਾਜ਼ ਉਠਾ
ਮੈਂ ਅਨੰਤ ਕਾਲ ਤੱਕ ਜਿਉਣਾ ਚਾਹੁੰਦਾ ਹਾਂ"[9]

ਪਾਤਰ ਦੀ ਕਵਿਤਾ ਵਿਚ ਸੰਘਰਸ਼, ਪਿਆਰ, ਕੱਟੜਤਾ, ਵਿਰੋਧ ਅਤੇ ਉਦਾਸੀ ਹੈ। ਉਸ ਦੀ ਕਵਿਤਾ ਮਨ ਦੀ ਸਥਿਤੀ ਅਨੁਸਾਰ ਆਪਣਾ ਰੂਪ ਬਦਲਦੀ ਰਹੀ ਹੈ। ਉਸ ਦੀਆਂ ਕਿਸੇ ਸਤਰਾਂ ਵਿਚ ਨਿਰਾਸ਼ਾ ਹੈ ਤਾਂ ਕਿਸੇ ਸਤਰਾਂ ਵਿਚ ਆਸ਼ਾ ਵੀ ਹੈ ਜੋ ਢਹਿੰਦੇ ਮਨੁੱਖ ਨੂੰ ਹੋਰ ਉਸਰਨ ਦਾ ਹੁਲਾਰਾ ਦਿੰਦੀਆਂ ਹਨ। ਪਾਤਰ ਨੂੰ ਰੁਦਨ ਦਾ ਸ਼ਾਇਰ ਵੀ ਕਿਹਾ ਜਾਂਦਾ ਹੈ। ਉਦਾਸ ਸ਼ਾਇਰ ਦੀ ਆਸ, ਦਲਾਸੇ, ਵਿਸ਼ਵਾਸ ਅਤੇ ਅਰਦਾਸ ਵਿੱਚੋਂ ਜਨਮ ਲੈਂਦੀ ਹੈ।

"ਜੇ ਆਈ ਪੱਤਝੜ ਤਾਂ ਫੇਰ ਕੀ ਹੈ
ਤੂੰ ਅਗਲੀ ਰੁੱਤ `ਚ ਯਕੀਨ ਰੱਖੀਂ
ਮੈਂ ਲੱਭ ਕੇ ਕਿਤਿਓ ਲਿਆਉਣਾ ਕਲਮਾਂ
ਤੂੰ ਫੁੱਲਾਂ ਜੋਗੀ ਜ਼ਮੀਨ ਰੱਖੀਂ"[10]

ਇਸ ਤਰ੍ਹਾਂ ਦੀ ਹੋਰ ਉਦਾਹਰਣ ਦੇਖੀ ਜਾ ਸਕਦੀ ਹੈ-

"ਮਾਤਮ
ਹਿੰਸਾ
ਖ਼ੌਫ਼
ਬੇਬਸੀ ਤੇ ਅਨਿਆਂ
ਇਹ ਨੇ ਅੱਜਕਲ
ਮੇਰੇ ਪੰਜਾਂ ਦਰਿਆਵਾਂ ਦੇ ਨਾਂ
ਜੋ ਹੁੰਦੇ ਸਨ
ਸਤਲੁਜ
ਬਿਆਸ

ਰਾਵੀ
ਜਿਹਲਮ ਅਤੇ ਝਨਾਂ
ਪਰ ਜਿਹੜੇ ਇੱਕ ਦਿਨ ਹੋਵਣਗੇ
ਰਾਗ
ਸ਼ਾਇਰੀ
ਹੁਸਨ
ਮੁਹੱਬਤ ਅਤੇ ਨਿਆਂ
ਮੇਰੇ ਪੰਜਾਂ ਦਰਿਆਵਾਂ ਦੇ ਨਾਂ"[11]

ਪਾਤਰ ਦੀ ਕਵਿਤਾ ਵਿਚ ਅਨੇਕ ਸੁਰਾਂ ਸਮਾਈਆਂ ਹੋਈਆਂ ਹਨ ਜਿਵੇਂ ਪਿਆਰ, ਵੈਰਾਗ, ਨਾਬਰੀ, ਮਾਤ ਭਾਸ਼ਾ ਨਾਲ ਮੋਹ ਆਦਿ। ਪਾਤਰ ਨੇ ਸਰਕਾਰ ਵੱਲੋਂ ਸਮੇਂ-ਸਮੇਂ ਉਪਰ ਕੀਤੇ ਕੰਮਾਂ ਉਪਰ ਵੀ ਆਪਣੀ ਪ੍ਰਤੀਕਿਰਿਆ ਜ਼ਾਹਿਰ ਕੀਤੀ ਹੈ। ਉਸ ਨੇ ਸਰਕਾਰ ਦੇ ਨਾਗਰਿਕਤਾ ਸੋਧ ਕਾਨੂੰਨ ਦੇ ਵਿਰੋਧ ਵਿਚ ਕਵਿਤਾ ਲਿਖੀ। ਇਹ ਕਾਨੂੰਨ ਭਾਰਤੀ ਨਾਗਰਿਕਾਂ ਤੋਂ ਨਾਗਰਿਕਤਾ ਦੇ ਸਬੂਤ ਦੀ ਮੰਗ ਕਰਦਾ ਹੈ।

"... ...ਬੁਲ੍ਹਿਆ ਕੀ ਜਾਣਾ ਮੈਂ ਕੌਣ...
ਉਹ ਕਹਿੰਦੇ ਹਨ-
ਜੋ ਮਰਜ਼ੀ ਆਖੀ ਜਾ ਬੁਲ੍ਹਿਆ
ਸਾਥੋਂ ਤੇਰਾ ਕੁਛ ਨਹੀਂ ਭੁੱਲਿਆ
... ... ... ... ... ...
...ਪਰ ਉਹ ਵੀ ਸਾਨੂੰ ਚਾਹੀਦੇ ਕੋਈ ਸਨਦ, ਫਰਦ
ਕੋਈ ਬੈ ਨਾਮਾ ਕੋਈ ਖ਼ਸਰਾ ਨੰਬਰ
ਇੰਤਕਾਲ ਕੋਈ ਰਾਹਦਾਰੀ, ਕੋਈ ਵਾਲਦੀਅਤ
ਉਨ੍ਹਾਂ ਤੋਂ ਹੀ ਨਿਰਣਾ ਹੋਵੇਗਾ ਕਿ ਕੀ ਹੈ ਸਟੇਟਸ ਕੀ ਰੁਤਬਾ ਹੈ
ਉਨ੍ਹਾਂ ਤੋਂ ਹੀ ਨਿਰਣਾ ਹੋਵੇਗਾ ਕਿ ਲੋਕਾਂ ਦੇ ਦਿਲਾਂ ਵਿਚ ਵਸਦਾ ਹੈਂ
ਤਾਂ ਵਸਦਾ ਹੈਂ ਕਿਸ ਹੈਸੀਅਤ ਵਿਚ
ਮਸ਼ਕੂਕ ਨਾਗਰਿਕ ਹੈਂ ਜਾਂ ਕਿ ਘੁਸਪੈਠੀਆ ਹੈਂ ਜਾਂ ਰਫ਼ੀਕ"[12]

ਪਾਤਰ ਪੰਜਾਬੀ ਭਾਸ਼ਾ ਵਿਚ ਆ ਰਹੇ ਨਿਘਾਰ ਨੂੰ ਲੈ ਕੇ ਵੀ ਬੜਾ ਚਿੰਤਤ ਸੀ। ਉਸ ਨੇ ਪੰਜਾਬੀ ਭਾਸ਼ਾ ਨੂੰ ਬਣਦਾ ਸਤਿਕਾਰ ਦਿਵਾਉਣ ਲਈ ਕਈ ਕਾਰਜ ਵਿੱਢੇ ਹੋਏ ਸਨ। ਜਿਵੇਂ ਕਿ ਪਿੱਛੇ ਜਿਹੇ ਗੂਗਲ ਨੇ ਆਪਣਾ ਇਕ ਸਾਫਟਵੇਅਰ ਲਾਂਚ ਕੀਤਾ ਜਿਸ ਵਿਚ ਪੰਜਾਬੀ ਭਾਸ਼ਾ ਸ਼ਾਮਿਲ ਨਹੀਂ ਸੀ, ਜਦੋਂ ਪਾਤਰ ਨੂੰ ਇਸ ਬਾਰੇ ਪਤਾ ਲੱਗਿਆ ਤਾਂ ਇਸ ਨੂੰ ਲੈ ਕੇ ਉਸ ਨੇ ਮੁੱਖ-ਮੰਤਰੀ ਤੱਕ ਵੀ ਪਹੁੰਚ ਕੀਤੀ। ਇਹ ਕੰਮ ਹਾਲੇ ਬਾਕੀ ਹੈ। ਉਹ ਸਮੇਂ ਦੇ ਬਦਲਣ ਨਾਲ ਆਉਂਦੇ ਭਾਸ਼ਾ ਵਿਚਲੇ ਬਦਲਾਵ ਨੂੰ ਤਾਂ ਮਨਜ਼ੂਰ ਕਰਦਾ ਹੈ ਪਰ ਬੇਲੋੜੀ ਬਦਲਾਵ ਦੀ ਹੋੜ ਉਸ ਨੂੰ ਪਰੇਸ਼ਾਨ ਕਰਦੀ ਹੈ, ਇਸ ਲਈ ਪਾਤਰ ਆਖਦਾ ਹੈ ਕਿ:-

"...ਪੰਜਾਬ ਦੇ ਵਿਹੜੇ ਵਿਚ ਇਕ ਛੋਟਾ ਜਿਹਾ ਬਾਲ
ਪਾਪਾ ਆਪਣੇ ਟ੍ਰੀ ਦੇ ਸਾਰੇ ਲੀਵਜ਼ ਕਰ ਰਹੇ ਨੇ ਫ਼ਾਲ
ਹਾਂ ਬੇਟਾ, ਆਪਣੇ ਟ੍ਰੀ ਦੇ ਸਾਰੇ ਲੀਵਜ਼ ਕਰ ਰਹੇ ਨੇ ਫ਼ਾਲ
ਮਰ ਰਹੀ ਹੈ ਆਪਣੀ ਭਾਸ਼ਾ
ਪੱਤਾ-ਪੱਤਾ ਸ਼ਬਦ ਸ਼ਬਦ
ਹੁਣ ਤਾਂ ਰੱਬ ਹੀ ਰਾਖਾ ਹੈ
ਮੇਰੀ ਭਾਸ਼ਾ ਦਾ... ... ..."[13]

ਪਾਤਰ ਇਸ ਕਵਿਤਾ ਵਿਚ ਤਿੰਨ ਸੰਵਾਦ ਸਿਰਜਦਾ ਹੈ ਜਿਸ ਵਿਚ ਚਿੰਤਾ ਤੋਂ ਲੈ ਕੇ ਮੁੜ ਜੀਵੰਤ ਹੋ ਉਠਣ ਦੀ ਆਸ ਤੱਕ ਦਾ ਸਫ਼ਰ ਕਰਦਾ ਹੈ। ਪਾਤਰ ਦੀ ਕਵਿਤਾ ਵਿਚ ਨਾਬਰੀ ਦੀ ਸੁਰ ਵੀ ਦੇਖੀ ਜਾ ਸਕਦੀ ਹੈ। ਉਸ ਦੇ ਖ਼ੁਦ ਦੇ ਆਖਣ ਅਨੁਸਾਰ ਹਾਲਾਤਾਂ ਬਾਰੇ "ਬੋਲਣ ਦਾ ਜਿੰਨਾ ਦਬਾਅ ਕਵੀ `ਤੇ ਬਾਹਰੋਂ ਹੁੰਦਾ ਹੈ ਓਨਾ ਹੀ ਉਸ ਦੇ ਅੰਦਰੋਂ ਵੀ ਹੁੰਦਾ ਹੈ। ਕਵੀ ਆਪਣੀ ਰਾਏ ਦਿੰਦਾ ਜ਼ਰੂਰ ਹੈ ਪਰ ਕਈ ਵਾਰ ਉਹ ਪਰਤਾਂ ਵਿਚ ਹੁੰਦੀ ਹੈ।"[14] ਪਰੰਤੂ ਕਿਸਾਨੀ ਅੰਦੋਲਨ ਸਮੇਂ ਉਹ ਖ਼ੁੱਲ੍ਹ ਕੇ ਅੱਗੇ ਆਇਆ। ਸਰਕਾਰ ਦਾ ਵਿਰੋਧ ਕਰਦੇ ਹੋਏ ਉਸ ਨੇ ਆਪਣਾ ਪਦਮਸ਼੍ਰੀ ਅਵਾਰਡ ਵਾਪਸ ਕਰ ਦਿੱਤਾ ਸੀ। ਉਸ ਨੇ ਇਸ ਅੰਦੋਲਨ ਨੂੰ ਲੈ ਕੇ ਕਵਿਤਾਵਾਂ ਵੀ ਲਿਖੀਆਂ-

"ਤੇਰੇ ਨਾਲ ਅਮੀਰ ਵਜ਼ੀਰ ਖੜੇ,
ਮੇਰੇ ਨਾਲ ਪੈਗੰਬਰ ਪੀਰ ਖੜੇ,
ਰਵੀਦਾਸ, ਫ਼ਰੀਦ, ਕਬੀਰ ਖੜੇ,
ਮੇਰੇ ਨਾਨਕ ਸ਼ਾਹ ਫ਼ਕੀਰ ਖੜੇ।...

ਮੇਰਾ ਨਾਮਦੇਵ, ਮੇਰਾ ਧੰਨਾ ਵੀ
ਮੈਨੂੰ ਮਾਣ, ਆਪਣੀ ਇਸ ਸ਼ਾਨ ਦਾ ਏ"[14]

ਇਸ ਅੰਦੋਲਨ ਸਮੇਂ ਸਰਕਾਰ ਵੱਲੋਂ ਵਰਤੇ ਗਏ ਅਨੇਕਾਂ ਹੱਥ-ਕੰਡਿਆਂ ਦੀ ਨਾ-ਕਾਮਯਾਬੀ ਤੋਂ ਬਾਅਦ ਸਰਕਾਰ ਨੇ ਕਈ ਕਰੂਰ ਹਰਕਤਾਂ ਕੀਤੀਆਂ ਜਿਵੇਂ ਪਾਣੀ ਦੀਆਂ ਬੁਛਾਰਾਂ, ਰਾਹਾਂ ਵਿਚ ਕੰਡਿਆਲੀਆਂ ਤਾਰਾਂ ਵਿਛਾਉਣਾ ਆਦਿ। ਪਾਤਰ ਇਸ ਦਾ ਵਿਆਖਿਆਨ ਆਪਣੀ ਕਵਿਤਾ ਵਿਚ ਕਰਦਾ ਹੈ-

"ਬੀਜਦੇ ਕੰਡਿਆਲੀਆਂ ਤਾਰਾਂ ਤੁਸੀਂ
ਬੀਜਦੇ ਕਿੱਲਾਂ ਦੀਆਂ ਪਨੀਰੀਆਂ
ਤਾਂ ਜੋ ਫੁੱਟਣ ਏਥੇ ਖ਼ੂਨ ਤਤੀਰੀਆਂ
ਸਾਡੇ ਬੀਜਾਂ `ਚੋਂ ਤਾਂ ਫੁੱਟਣ ਫੁੱਲ ਤੇ ਫਲ
ਤੇਰਿਆਂ ਬੀਜਾਂ `ਚੋਂ ਮਾਤਮ ਦੀ ਫਸਲ
ਜਦ ਕਦੀ ਲੇਖਾ ਕਰੇਗੀ ਜ਼ਿੰਦਗੀ
ਤੇਰੇ ਹਿੱਸੇ ਆਏਗੀ ਸ਼ਰਮਿੰਦਗੀ"[15]

ਵਿਸ਼ੇ ਪੱਖੋਂ ਨਰੋਈ ਕਾਵਿ-ਸਿਰਜਣਾ ਕਰਨ ਦੇ ਨਾਲ-ਨਾਲ ਪਾਤਰ ਕਵਿਤਾ ਅਤੇ ਗ਼ਜ਼ਲ ਦੇ ਕਾਵਿਕ ਮਿਆਰ ਨੂੰ ਵੀ ਕਾਇਮ ਰੱਖਦਾ ਹੈ। ਉਸ ਨੇ ਪੰਜਾਬੀ ਗ਼ਜ਼ਲ ਨੂੰ ਉਰਦੂ ਦੇ ਪ੍ਰਭਾਵ ਵਿਚੋਂ ਕੱਢ ਕੇ ਪੰਜਾਬੀ ਦੇ ਵਿਹੜੇ ਵਿਚ ਲਿਆਂਦਾ ਅਤੇ ਉਹ ਕਹਿੰਦਾ ਹੈ

"ਅਸਾਂ ਤਾਂ ਡੁੱਬ ਕੇ ਖ਼ੂਨ ਵਿਚ ਲਿਖੀ ਹੈ ਗ਼ਜ਼ਲ,
ਉਹ ਹੋਰ ਹੋਣਗੇ ਲਿਖਦੇ ਨੇ ਜਿਹੜੇ ਬਹਿਰ ਅੰਦਰ।"

ਪਾਤਰ ਦੀ ਸ਼ਾਇਰੀ ਨਾਲ ਪੰਜਾਬੀ ਗ਼ਜ਼ਲ ਨਵੀਂਆਂ ਉਡਾਣਾ ਭਰਦੀ ਹੈ। ਉਸ ਦੀਆਂ ਗ਼ਜ਼ਲਾਂ ਵਿਚ ਪੰਜਾਬੀ ਸ਼ਬਦਾਵਲੀ ਆਪਣੇ ਜਲਵਾ ਬਿਖੇਰਦੀ ਹੈ। ਉਸ ਦੀ ਗ਼ਜ਼ਲ ਵਿਚੋਂ ਪੰਜਾਬ ਦੀ ਮਿੱਟੀ ਦੀ ਮਹਿਕ ਆਉਂਦੀ ਹੈ।

ਉਪਰੋਕਤ ਚਰਚਾ `ਚੋਂ ਦੇਖਿਆ ਜਾ ਸਕਦਾ ਹੈ ਕਿ ਪਾਤਰ ਦੀ ਕਵਿਤਾ ਹਰ ਪੱਧਰੇ ਅਤੇ ਬਿਖੜੇ ਰਾਹਾਂ ਉਪਰ ਸਫ਼ਰ ਕਰਦੀ ਹੈ। ਪਾਤਰ ਪੰਜਾਬੀ ਸਾਹਿਤ ਦਾ ਮਜ਼ਬੂਤ ਥੰਮ ਹੈ। ਉਸ ਨੇ ਪੰਜਾਬੀ `ਚ ਬਾਹਰੋਂ ਆਏ ਕਾਵਿ-ਰੂਪਾਂ ਨੂੰ ਪੰਜਾਬੀ ਦੇ ਹੋਰ ਨੇੜੇ ਕੀਤਾ। ਉਸ ਨੇ ਸਾਹਿਤ ਦੇ ਹਰ ਉਦੇਸ਼ ਨੂੰ ਚੇਤੰਨ ਹੋ ਕੇ ਪੂਰਾ ਕਰਨ ਦੀ ਕੋਸ਼ਿਸ਼ ਕੀਤੀ। ਬੇਸ਼ੱਕ ਉਸ ਦਾ ਸੁਰ ਮੱਧਮ ਰਿਹਾ ਪਰ ਉਸ ਦਾ ਅਸਰ ਹਰ ਮਨ ਉਪਰ ਦੇਖਿਆ ਜਾ ਸਕਦਾ ਹੈ।

ਜ਼ਾਲਮ ਨੂੰ ਬਿਨ ਜ਼ਖ਼ਮ ਦਿੱਤੇ ਦਰਦ ਦੇਣਾ ਉਸ ਦੀ ਖ਼ੂਬੀ ਰਹੀ ਹੈ। ਨਵੇਂ ਰਾਹਾਂ ਦਾ ਆਸ਼ਕ ਅਤੇ ਪੈੜਾਂ ਨੂੰ ਪੂਰਨਿਆਂ ਦੇ ਰੂਪ ਵਿਚ ਛੱਡਣ ਵਾਲੇ ਇਸ ਸ਼ਖ਼ਸ ਦੇ ਤੁਰ ਜਾਣ ਦਾ ਬੇਹੱਦ ਅਫ਼ਸੋਸ ਹੈ ਅਤੇ ਹਰ ਕੋਈ ਉਸ ਨੂੰ ਉਸ ਦੇ ਆਪਣੇ ਕਹਿਣ ਵਾਂਗ ਹੀ ਲੱਭ ਰਿਹਾ ਹੈ:-

"ਜਾਂਦਾ ਸੀ ਮੇਰੇ ਪਿੰਡ ਨੂੰ ਰਸਤਾ ਕਿਧਰ ਗਿਆ
ਪੈੜਾਂ ਦੀ ਸ਼ਾਇਰੀ ਦਾ ਉਹ ਵਰਕਾ ਕਿਧਰ ਗਿਆ"[16]

## ਹਵਾਲੇ ਤੇ ਟਿੱਪਣੀਆ

1. https://punjabinaqsh.com, 12:22, 12/07/24
2. https://hunpunjabi.com ਸੁਰਜੀਤ ਪਾਤਰ- ਸ਼ਬਦਾਂ ਦੀ ਛਾਂਵੇਂ, 1:03pm, 12/07/24
3. ਪਾਤਰ, ਸੁਰਜੀਤ, ਬਿਰਖ ਅਰਜ਼ ਕਰੇ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2023, ਪੰਨਾ-12
4. ਉਹੀ ਪੰਨਾ-19
5. ਉਹੀ ਪੰਨਾ-29,30
6. ਉਹੀ ਪੰਨਾ-21
7. ਪਾਤਰ, ਸੁਰਜੀਤ, ਹਨੇਰੇ ਵਿਚ ਸੁਲਗਦੀ ਵਰਣਮਾਲਾ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2020, ਪੰਨਾ-27,28
8. ਬਿਰਖ ਅਰਜ਼ ਕਰੇ, ਪੰਨਾ- 102
9. ਹਨੇਰੇ ਵਿਚ ਸੁਲਗਦੀ ਵਰਣਮਾਲਾ, ਪੰਨਾ-52, 53
10. ਪਾਤਰ, ਸੁਰਜੀਤ, ਸੁਰਜ਼ਮੀਨ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2021 ਪੰਨਾ- 15
11. ਪਾਤਰ, ਸੁਰਜੀਤ, ਚੰਨ ਸੂਰਜ ਦੀ ਵਹਿੰਗੀ, ਯੂਨੀਸਟਾਰ ਬੁਕਸ, ਚੰਡੀਗੜ੍ਹ, ਪੰਨਾ-17
12. https://www.bbc.com>article, 2:44pm, 12/07/24
13. https://cdn.sharechat.com, 12:13pm, 14/07/2024

14. ਪਾਤਰ, ਸੁਰਜੀਤ, ਇਹ ਬਾਤ ਨਿਰੀ ਏਨੀ ਹੀ ਨਹੀਂ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2021 ਪੰਨਾ-96
15. ਉਹੀ ਪੰਨਾ-77
16. ਪਾਤਰ, ਸੁਰਜੀਤ, ਸੁਰਜ਼ਮੀਨ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2021 ਪੰਨਾ-24